# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ

ਫੋਨ ਨੰ. 0172-2212221


ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿੱ.),

ਸਮੂਹ ਸਕੂਲ ਮੁੱਖੀ ( ਵੈਬਸਾਈਟ ਰਾਹੀਂ )

ਸਬੰਧਤ ਅਧਿਆਪਕ

ਮੀਮੋ ਨੰ: SCERT,QP/UP/2018100722
ਮਿਤੀ:- 11-12-2018

**ਵਿਸ਼ਾ :- 12ਵੀਂ ਜਮਾਤ ਦਾ 2018-19 ਲਈ ਨਮੂਨੇ ਦਾ ਪੰਜਾਬੀ ਵਿਸ਼ੇ(ਲਾਜ਼ਮੀ ਅਤੇ ਚੌਣਵੀਂ) ਦੇ ਮਾਡਲ ਪ੍ਰਸ਼ਨ-ਪੱਤਰ ਸਬੰਧੀ।**

3.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

4.0 ਮਾਣਯੋਗ ਸੱਕਤਰ ਸਕੂਲ ਸਿੱਖਿਆ ਪੰਜਾਬ ਜੀ ਦੇ ਆਦੇਸ਼ਾਂ ਹਿੱਤ, ਬਾਹਰਵੀਂ ਜਮਾਤ ਦਾ ਪੰਜਾਬੀ ਵਿਸ਼ੇ(ਲਾਜ਼ਮੀ ਅਤੇ ਚੌਣਵੀਂ) ਦਾ 2018-19 ਲਈ ਮਾਡਲ ਪ੍ਰਸ਼ਨ-ਪੱਤਰ ਤਿਆਰ ਕੀਤਾ ਗਿਆ ਹੈ।ਇਸ ਨੂੰ ਅਧਿਆਪਕ ਵਰਗ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ www.ssapunjab.org ਦੀ website ਤੇ ਅਪਲੋਡ ਕੀਤਾ ਜਾ ਰਿਹਾ ਹੈ।

ਨੱਥੀ:- ਮਾਡਲ ਪ੍ਰਸ਼ਨ-ਪੱਤਰ ਜਮਾਤ ਬਾਹਰਵੀਂ ਵਿਸ਼ਾ ਪੰਜਾਬੀ(ਲਾਜ਼ਮੀ ਅਤੇ ਚੌਣਵੀਂ) ।

**ਸਹਾਇਕ ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ**

# ਨਮੂਨਾ ਪ੍ਰਸ਼ਨ ਪੱਤਰ

## ਚੋਣਵੀ ਪੰਜਾਬੀ - 12

ਕੁੱਲ ਅੰਕ : 90

ਆਂਤਰਿਕ ਮੁਲਾਂਕਣ : 10

1. ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ ।

(ੳ) ਕਿਹੜਾ ਕਵੀ ਆਪਣੀਆਂ ਸੀਹਰਫ਼ੀਆਂ ਦੇ ਹਰ ਤੁਕਾਂਤ ਦਾ ਅੰਤ 'ਹੂ' ਨਾਲ ਕਰਦਾ ਹੈ ?

(ਅ) 'ਨਾਵਣ ਚਲੇ ਤੀਰਥੀ' ਕਿਸ ਗੁਰੂ ਸਾਹਿਬ ਦੀ ਰਚਨਾ ਹੈ :

(1) ਸ੍ਰੀ ਗੁਰੂ ਅੰਗਦ ਦੇਵ ਜੀ (2) ਸ੍ਰੀ ਗੁਰੂ ਨਾਨਕ ਦੇਵ ਜੀ
(3) ਸ੍ਰੀ ਗੁਰੂ ਰਾਮਦਾਸ ਜੀ (4) ਸ੍ਰੀ ਗੁਰੂ ਅਮਰਦਾਸ ਜੀ

(ੲ) ਵਾਰਿਸ ਸ਼ਾਹ ਕਿਸ ਸ਼ਾਹਕਾਰ ਰਚਨਾ ਕਰਕੇ ਮਸ਼ਹੂਰ ਹੋਇਆ ?

(ਸ) 'ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜ਼ਾਤ ਆਈ'

ਇਸ ਕਾਵਿ-ਤੁਕ 'ਚ ਤੀਸਰੀ ਜ਼ਾਤ ਤੋਂ ਕੀ ਭਾਵ ਹੈ-

(1) ਮੁਗ਼ਲ (2) ਧਾੜਵੀ
(2) ਬਹਾਦਰ ਕੌਮ (4) ਅੰਗਰੇਜ਼

(ਹ) 'ਧੂੜ ਭਰੇ ਰਾਹ' ਪਾਠ ਕਿਸ ਸਵੈ-ਜੀਵਨੀ ਦਾ ਅੰਸ਼ ਹੈ ?

(ਕ) 'ਗੁਰਬਖਸ਼ ਸਿੰਘ ਪ੍ਰੀਤਲੜੀ ਉੱਤੇ ਟਾਲਸਟਾਏ ਦੇ ਸਾਹਿਤ ਦਾ ਬਹੁਤ ਪ੍ਰਭਾਵ ਸੀ।'
ਦੱਸੋ ਉਪਰੋਕਤ ਕਥਨ ਸਹੀ ਹੈ ਜਾਂ ਗਲ਼ਤ ।

(ਖ) ਖਾਲੀ ਸਥਾਨ ਭਰੋ:
............ਨੇ ਨਾਟਕ ਨੂੰ ਜੀਵਨ ਦੀ ਨਕਲ ਕਿਹਾ ਹੈ ।

(ਗ) ਕਿਸੇ ਦੋ ਅਲੰਕਾਰਾਂ ਦੇ ਨਾਮ ਦੱਸੋ ।

(ਘ) ਖਾਲੀ ਸਥਾਨ ਭਰੋ :
ਚੌਪਈ ਦਾ ਅਰਥ.............ਚਰਨਾਂ ਵਾਲਾ ਛੰਦ ।

(ਙ) ਦੱਸੋ ਕਥਨ ਸਹੀ ਹੈ ਜਾਂ ਗਲ਼ਤ :

'ਸ਼ਿੰਗਾਰ ਰਸ ਨੂੰ ਰਸਾਂ ਦਾ ਰਾਜਾ ਕਿਹਾ ਜਾਂਦਾ ਹੈ' । 10×1=10

2. ਕਿਸੇ ਦੋ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਇਕਸੇ ਤਾਰ ਬਹਾਰ ਨਾ ਰਹਿੰਦੀ, ਨਹੀਂ ਇਕਸੇ ਤੌਰ ਜ਼ਮਾਨਾ ।
ਹਰ ਇਕ ਚਾਲ ਨਹੀਂ ਅਲਬੇਲੀ, ਨਹੀਂ ਹਰਦਮ ਜ਼ੋਰ ਜਵਾਨਾ ।
ਰੋਵਣ ਸੋਗ ਹਮੇਸ਼ ਨਾ ਹੋਵੇ, ਨਹੀਂ ਨਿਤ ਰਾਗ ਸ਼ਹਾਨਾ ।
ਹਾਸ਼ਮ ਬੈਠ ਗਈਆਂ ਲਖ ਡਾਰਾਂ, ਇਹ ਜਗਤ ਮੁਸਾਫ਼ਰਖਾਨਾ ।।

(ਅ) ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ।।
ਪਾਰਬ੍ਰਹਮ ਪ੍ਰਭ ਪਾਇਆ ਉਤਰੇ ਸਗਲ ਵਿਸੂਰੇ ।।
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ।।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ।।

(ਏ) ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ ।
ਸਦਾ ਨਹੀਂ ਦੌਲਤਾਂ ਫ਼ੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ ।

(ਸ) ਕੁੜੀਆਂ ਵੇਖ ਕੇ ਜੋਗੀ ਦੀ ਤਬਾਅ ਸਾਰੀ, ਘਰੀਂ ਹਸਦੀਆਂ ਹਸਦੀਆਂ ਆਈਆਂ ਨੀ ।
ਮਾਏ ! ਇੱਕ ਜੋਗੀ ਸਾਡੇ ਨਗਰ ਆਇਆ, ਕੰਨੀਂ ਓਸ ਨੇ ਮੁੰਦਰਾਂ ਪਾਈਆਂ ਨੀ ।
ਨਹੀਂ ਬੋਲਦਾ ਬੁਰਾ ਜ਼ੁਬਾਨ ਵਿੱਚੋਂ, ਭਾਵੇਂ ਭਿੱਖਿਆ ਪਾਉਣ ਨਾ ਮਾਈਆਂ ਨੀ ।
ਹੱਥ ਖੱਪਰੀ ਫਾਉੜੀ ਮੋਢਿਆਂ 'ਤੇ, ਗਲ ਸੇਹਲੀਆਂ ਅਜਬ ਬਣਾਈਆਂ ਨੀ । 8+8=16

3. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਮੂੰਹ ਆਈ ਬਾਤ ਨਾ ਰਹਿੰਦੀ ਏ
(ਅ) ਹਕੁ ਪਰਾਇਆ ਨਾਨਕਾ
(ੲ) ਚੰਡੀ ਦੀ ਵਾਰ 5

4. ਪੰਜਾਬੀ ਸੂਫੀ ਕਵਿਤਾ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ ।

ਜਾਂ

ਵਾਰਿਸ਼ ਸ਼ਾਹ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰ ਸਹਿਤ ਲਿਖੋ । 15

5. ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦਾ ਉੱਤਰ ਦਿਓ :

(ੳ) ਪੂਰਨ ਸਿੰਘ ਦੀ ਮਾਂ ਅਟਕ ਦਰਿਆ ਨੂੰ ਜਿਊੜਾ ਕਿਉਂ ਕਹਿੰਦੀ ਹੈ ?
(ਅ) ਪ੍ਰਿੰ. ਸਾਹਿਬ ਸਿੰਘ ਨੂੰ ਅੱਗੇ ਵੱਧਣ ਦੀ ਪ੍ਰੇਰਣਾ ਕਿੱਥੋਂ-ਕਿੱਥੋਂ ਮਿਲਦੀ ਰਹੀ ?
(ੲ) 'ਤਖ਼ਤ ਜਾਂ ਤਖ਼ਤਾ' ਸਵੈਜੀਵਨੀ -ਅੰਸ਼ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ਼ਖਸੀਅਤ ਦੇ ਕਿਹੜੇ ਗੁਣ ਉਜਾਗਰ ਹੁੰਦੇ ਹਨ ? ਆਪਣੇ ਸ਼ਬਦਾਂ ਵਿੱਚ ਲਿਖੋ ।
(ਸ) ਬਲਵੰਤ ਗਾਰਗੀ ਆਪਣੇ ਬੇਟੇ ਮਨੂੰ ਨੂੰ 'ਗਿਠਮੁਠੀਆ ਬਲਵੰਤ' ਕਿਉਂ ਕਹਿੰਦਾ ਹੈ ?
(ਹ) ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ ਤੇ ਤਿਊੜੀ ਕਿਉਂ ਪੈ ਗਈ ਸੀ ?
(ਕ) ਲੋਕ-ਸਾਹਿਤ ਇਕੱਤਰ ਕਰਨ ਲਈ ਵਣਜਾਰਾ-ਬੇਦੀ ਨੂੰ ਕਿਸ-ਕਿਸ ਤਰ੍ਹਾਂ ਦੇ ਯਤਨ ਕਰਨੇ ਪਏ ?
(ਖ) ਫਿਲਮਾਂ ਵਿੱਚ ਦਾਰਾ ਸਿੰਘ ਦੀ ਮਸ਼ਹੂਰੀ ਵੇਖ ਕੇ ਕੁਸ਼ਤੀ-ਪ੍ਰੇਮੀਆਂ ਦਾ ਕੀ ਪ੍ਰਤੀਕਰਮ ਹੋਇਆ ?

5×4=20

6. ਕਿਸੇ ਇੱਕ ਸਾਹਿਤ ਰੂਪ ਤੇ ਵਿਸਤ੍ਰਿਤ ਨੋਟ ਲਿਖੋ :

(ੳ) ਨਾਟਕ
(ਅ) ਕਵਿਤਾ
(ੲ) ਨਾਵਲ 12

7. ਕਿਸੇ ਇੱਕ ਛੰਦ ਬਾਰੇ ਉਦਾਹਰਨਾਂ ਸਹਿਤ ਜਾਣਕਾਰੀ ਦਿਓ :

(ੳ) ਚੌਪਈ ਛੰਦ

(ਅ) ਬੈਂਤ ਛੰਦ 4

੮. ਕਿਸੇ ਇੱਕ ਅਲੰਕਾਰ ਬਾਰੇ ਉਦਾਹਰਨਾਂ ਸਹਿਤ ਜਾਣਕਾਰੀ ਦਿਓ :

(ੳ) ਉਪਮਾ ਅਲੰਕਾਰ 4
(ਅ) ਦ੍ਰਿਸ਼ਟਾਂਤ ਅਲੰਕਾਰ

9. ਕਿਸੇ ਇੱਕ ਰਸ ਬਾਰੇ ਉਦਾਹਰਨਾਂ ਸਹਿਤ ਜਾਣਕਾਰੀ ਦਿਓ :

(ੳ) ਸ਼ਿੰਗਾਰ ਰਸ 4
(ਅ) ਕਰੁਣਾ ਰਸ

# ਨਮੂਨਾ ਪ੍ਰਸ਼ਨ ਪੱਤਰ

## ਲਾਜ਼ਮੀ ਪੰਜਾਬੀ - 12

ਕੁੱਲ ਅੰਕ : 65

ਆਂਤਰਿਕ ਮੁਲਾਂਕਣ : 10

1. ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ ।

(ੳ) ਡਾ. ਜਗੀਰ ਸਿੰਘ ਨੂਰ ਦਾ ਕਿਹੜਾ ਪਾਠ 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਸ਼ਾਮਿਲ ਕੀਤਾ ਗਿਆ ਹੈ ?

(ਅ) ਦੱਸੋ ਇਹ ਕਥਨ ਠੀਕ ਹੈ ਜਾਂ ਗ਼ਲਤ :
'ਕੁਝ ਖੋਜੀਆਂ ਦਾ ਵਿਚਾਰ ਹੈ ਕਿ ਸੁਆਂਗੀ ਅਨਆਰੀਆ ਭਾਰਤੀ ਜਾਤੀ ਵਿੱਚੋਂ ਸਨ ।'

(ੲ) 'ਸੱਗੀ ਫੁੱਲ' ਕੌਣ ਬਣਾਉਂਦਾ ਹੈ ?

(i) ਲੁਹਾਰ (ii) ਸੁਨਿਆਰ
(iii) ਤਰਖਾਣ (iv) ਤੇਲੀ

(ਸ) ਖਾਲੀ ਸਥਾਨ ਭਰੋ :
ਪੈਸੇ ਮਿਲ਼ਣ 'ਤੇ ਨਕਲੀਏ ਨਕਲ ਨੂੰ ਉੱਥੇ ਹੀ ਰੋਕ ਕੇ ਪੈਸੇ ਦੇਣ ਵਾਲੇ ਦੀ ਉੱਚੀ ਹੇਕ ਵਿੱਚ ..........ਕਰਦੇ ਹਨ ।

(ਹ) ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ?

(ਕ) 'ਅੱਡੀ-ਛੜੱਪਾ' ਜਾਂ 'ਅੱਡੀ-ਟੱਪਾ' ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ । (ਹਾਂ/ਨਹੀਂ)

(ਖ) 'ਚੁੰਮ-ਚੁੰਮ ਰੱਖੋ' ਕਵਿਤਾ ਕਿਸ ਕਵੀ ਨੇ ਲਿਖੀ ਹੈ ?

(ਗ) 'ਨਿਰੰਜਣ ਸਿੰਘ' ਕਿਸ ਕਹਾਣੀ ਦਾ ਪਾਤਰ ਹੈ ?

(ਘ) ਅਖਾਉਤ ਪੂਰੀ ਕਰੋ :
ਜੋ ਰਾਤੀਂ ਜਾਗਣ ਕਾਲ਼ੀਆਂ,..................।

(ਙ) ਅਖਾਉਤ ਪੂਰੀ ਕਰੋ :
..................ਉਸਤਤ ਕਰੇ ਜਹਾਨ । 10×1=10

2. ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ?

(ਅ) 'ਮੇਲਾ' ਸ਼ਬਦ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਸਮਾਇਆ ਹੈ, ਦੱਸੋ ਕਿਵੇਂ ?

(ੲ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ ?

(ਸ) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ?

(ਹ) ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਸੰਖੇਪ ਵਿੱਚ ਵਰਨਣ ਕਰੋ ।

(ਕ) ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ?

(ਖ) ਪੰਜਾਬੀ ਸਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਆਈ ਤਬਦੀਲੀ ਬਾਰੇ ਚਾਨਣਾ ਪਾਓ ।

(ਗ) ਲੋਕ-ਕਿੱਤੇ ਦੀ ਵਿਸ਼ੇਸ਼ਤਾ ਕੀ ਹੈ ? ਲੁਹਾਰ ਅਤੇ ਤਰਖਾਣ ਵੱਲੋਂ ਬਣਾਏ ਜਾਂਦੇ ਸੰਦਾਂ ਦੇ ਨਾਂ ਲਿਖੋ ।

5×4=20

3. ਤੁਸੀਂ ਵੇਰਕਾ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ । ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ ।

ਜਾਂ

ਤੁਹਾਡੇ ਪਿੰਡ ਵਿੱਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ । ਲਾਇਬ੍ਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ ਵਿਕਰੇਤਾਵਾਂ ਨੂੰ ਪੱਤਰ ਲਿਖੋ, ਜਿਸ ਵਿੱਚ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਹੋਵੇ ।

2+3+1=6

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ :

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ । ਉਸਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਵਿੱਚ ਗੁਜ਼ਰਦਾ ਹੈ । ਕੰਮ ਕਰਨਾ ਉਸਦੇ ਜੀਵਨ ਦਾ ਵੱਡਾ ਆਹਰ ਹੀ ਨਹੀਂ ਸਗੋਂ ਵੱਡੀ ਲੋੜ ਹੈ । ਉਸਦੇ ਜੀਵਨ ਦਾ ਬਹੁਤਾ ਹਿੱਸਾ ਕੰਮ ਅਤੇ ਅਰਾਮ ਵਿੱਚ ਵੰਡਿਆ ਹੋਇਆ ਹੈ । ਅਰਾਮ ਅਤੇ ਵਿਹਲ ਦੇ ਸਮੇਂ ਵਿੱਚ ਅਸੀਂ ਕੰਮ ਕਰਦੇ ਹਾਂ, ਕੇਵਲ ਪੂਰਨ ਅਰਾਮ ਤੇ ਨੀਂਦ ਦੀ ਹਾਲਤ ਵਿੱਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ । ਜੇ ਜ਼ਰਾ ਗਹੁ ਨਾਲ ਵੇਖਿਆ ਜਾਵੇ ਤਾਂ ਕੰਮ ਕਰਨਾ ਹੀ ਜ਼ਿੰਦਗੀ ਹੈ ਅਰਥਾਤ ਗਤੀ ਤੇ ਹਰਕਤ ਹੀ ਜੀਵਨ ਦਾ ਚਿੰਨ੍ਹ ਹੈ । ਬੇਹਰਕਤ ਪਦਾਰਥ ਜਾਂ ਨਿਰਜਿੰਦ ਮਾਦਾ ਵਿੱਚ ਜੀਵਨ ਨਹੀਂ ਗਿਣਿਆ ਜਾ ਸਕਦਾ । ਮਨੁੱਖੀ ਜੀਵਨ ਦੀ ਗਤੀਸ਼ੀਲਤਾ, ਕੰਮਾਂ-ਕਾਜਾਂ ਨਾਲ਼ ਓਤ-ਪੋਤ ਹੈ ਅਥਵਾ ਇਹੀ ਉਸਦੀ ਪ੍ਰਗਤੀ ਦੀ ਪ੍ਰਤੀਕ ਤੇ ਪ੍ਰਮਾਣ ਹੈ ।

1+3=4

5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| (ੳ) | | ਜਾਂ | (ਅ) |
|---|---|---|---|
| ਢਿੱਲਾ | | | ਖਲਵਾੜਾ |
| ਡਿਓਢੀ | | | ਦਸਮ-ਗ੍ਰੰਥ |
| ਠਠਿਆਰ | | | ਪਰਾਗ |
| ਟਿਕਣਾ | | | ਨਿੰਦਕ |
| ਡੰਗਰ | | | ਛਣਕਣਾ |
| ਕਾਇਰ | | | ਬੰਜਰ |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਅਭਿਜੋਤ ਦਫ਼ਤਰ ਜਾ ਕੇ ਕੰਮ ਵਿੱਚ ਮਸਤ ਹੋ ਜਾਂਦਾ ਹੈ । (ਸੰਜੁਕਤ ਵਾਕ)
(ਅ) ਸਿਰਫ਼ ਮਾਂ ਹੀ ਬੱਚੇ ਨੂੰ ਪਾਲ ਸਕਦੀ ਹੈ । (ਨਾਂਹ-ਵਾਚਕ ਵਾਕ)
(ੲ) ਬੱਚੇ ਸਭ ਨੂੰ ਪਿਆਰੇ ਲੱਗਦੇ ਹਨ । (ਪ੍ਰਸ਼ਨ ਵਾਚਕ ਵਾਕ)
(ਸ) ਫੁੱਲ ਬਹੁਤ ਸੁੰਦਰ ਹੈ । (ਵਿਸਮੈ-ਵਾਚਕ ਵਾਕ)
(ਹ) ਰੋਟੀ ਮੈਥੋਂ ਖਾਧੀ ਜਾ ਰਹੀ ਹੈ । (ਕਰਤਰੀ ਵਾਚ )

3×1=3

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਵਿੱਦਿਆ ਵੀਚਾਰੀ ਤਾਂ ਪਰਉਪਕਾਰੀ
(ਅ) ਵੇਲ਼ੇ ਦੀ ਨਮਾਜ਼ ਕੁਵੇਲ਼ੇ ਦੀਆਂ ਟੱਕਰਾਂ
(ੲ) ਮੈਂ ਵੀ ਰਾਣੀ ਤੂੰ ਵੀ ਰਾਣੀ ਕੌਣ ਭਰੇਗਾ ਪਾਣੀ
(ਸ) ਪਾਣੀ ਵਿੱਚ ਸੋਟਾ ਮਾਰਿਆ ਪਾਣੀ ਦੋ ਨਹੀਂ ਹੋ ਜਾਂਦੇ

(ਹ) ਆਪਣੇ ਹੱਥੀ ਆਪਣਾ ਆਪੇ ਹੀ ਕਾਜ ਸਵਾਰੀਐ
(ਕ) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ
(ਖ) ਖ਼ਰਬੂਜੇ ਨੂੰ ਵੇਖ ਕੇ ਖ਼ਰਬੂਜਾ ਰੰਗ ਫੜਦਾ ਹੈ

4×2=8

8. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਟੁਕੜੀ ਜੱਗ ਤੋਂ ਨਿਆਰੀ (ਭਾਈ ਵੀਰ ਸਿੰਘ)
(ਅ) ਵਾਰਸ਼ ਸ਼ਾਹ (ਅੰਮ੍ਰਿਤਾ ਪ੍ਰੀਤਮ)
(ੲ) ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ (ਸੁਰਜੀਤ ਪਾਤਰ) 4

9. ਕਿਸੇ ਇੱਕ ਕਹਾਣੀ ਦਾ ਸਾਰ ਲਿਖੋ :

(ੳ) ਸਾਂਝ
(ਅ) ਆਪਣਾ ਦੇਸ 7